# COVID-19

**ਸਿਟੀ ਆਫ ਵੈਨਕੂਵਰ ਤੋਂ ਅਪਡੇਟਸ**
**ਅਪ੍ਰੈਲ 17- ਮਈ 1, 2020**

ਅਸੀਂ ਸ਼ਿਹਰ ਭਰ ਵਿੱਚ ਕੌਂਵਿਡ-19 ਮਹਾਂਮਾਰੀ ਦਾ ਜਵਾਬ ਦੇਣਾ ਜਾਰੀ ਰੱਖ ਰਹੇ ਹਾਂ ਅਤੇ ਮੰਨਦੇ ਹਾਂ ਕਿ ਸਾਡੇ ਬਹੁਤ ਸਾਰੇ ਭਾਈਚਾਰੇ ਇਸ ਸੰਕਟ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਸਾਡਾ ਕੰਮ ਸਾਡੇ ਵਸਨੀਕਾਂ ਦੀ ਮਦਦ
ਕਰਨਾ ਅਤੇ ਵੈਨਕੂਵਰ ਨੂੰ ਸੁਰੱਖਿਅਤ ਰੱਖਣ ਦੀਆਂ ਕੋਸ਼ਿਸ਼ਾਂ 'ਤੇ ਕੇਂਦ੍ਰਤ ਕਰਦਾ ਹੈ। ਥਲੇ ਦੇਖੋ ਜੋ ਹਾਲ ਹੀ ਵਿੱਚ ਵਾਪਰਿਆ ਹੈ:

**ਮੁੱਖ ਅਪਡੇਟਸ:**

ਸ਼ਹਿਰ ਵਿੱਚ ਮਹਾਂਮਾਰੀ ਦੇ ਦੌਰਾਨ ਵੱਧ ਰਹੇ ਨਸਲਵਾਦ ਦੇ ਵਿਰੁੱਧ ਸਿਟੀ ਨੇ ਆਵਾਜ਼ ਉਠਾਈ
1 ਮਈ ਨੂੰ ਏਸ਼ੀਅਨ ਹੈਰੀਟੇਜ ਮਹੀਨੇ ਦੀ ਸ਼ੁਰੂਆਤ ਸਮੇਂ, ਸਿਟੀ ਨੇ ਨਸਲਵਾਦ, ਵਿਤਕਰੇ ਵਿਰੋਧੀ, ਵਿਭਿੰਨਤਾ ਅਤੇ ਸ਼ਮੂਲੀਅਤ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਮਹਾਂਮਾਰੀ ਨੇ ਏਸ਼ੀਆਈਆਂ ਖਿਲਾਫ ਨਸਲਵਾਦੀ ਘਟਨਾਵਾਂ ਵਿੱਚ ਵਾਧਾ ਕੀਤਾ ਹੈ ਅਤੇ ਹਰੇਕ ਨੂੰ ਪੱਖਪਾਤ ਅਤੇ ਅਸਹਿਣਸ਼ੀਲ ਰਵੱਈਏ ਦੇ ਵਿਰੁੱਧ ਖੜੇ ਹੋਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

**ਪ੍ਰਾਪਰਟੀ ਟੈਕਸ ਅਦਾਇਗੀ ਦੀ ਆਖਰੀ ਮਿਤੀ ਨੂੰ ਸਥਗਿਤ ਕਰ ਦਿਤਾ ਹੈ**
ਵੈਨਕੂਵਰ ਸਿਟੀ ਕੌਂਸਲ ਨੇ ਰਿਹਾਇਸ਼ੀ ਅਤੇ ਵਪਾਰਕ ਜਾਇਦਾਦ ਦੋਵਾਂ ਟੈਕਸਾਂ ਲਈ 2020 ਦੀ ਅਦਾਇਗੀ ਦੀ ਆਖਰੀ ਮਿਤੀ ਨੂੰ ਸਥਗਿਤ ਕਰਨ ਲਈ ਮਨਜ਼ੂਰੀ ਦੇ ਦਿੱਤੀ ਹੈ। ਨਵੀਂ ਟੈਕਸ ਅਦਾਇਗੀ ਦੀ ਆਖਰੀ ਮਿਤੀ ਕੋਵਿਡ-19 ਦੀ ਮਹਾਂਮਾਰੀ ਦੇ ਕਾਰਨ ਵਿੱਤੀ ਤੰਗੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਸਹਾਇਤਾ ਲਈ 3 ਜੁਲਾਈ ਤੋਂ ਹਟਾ ਕੇ ਹੁਣ 30 ਸਤੰਬਰ, 2020 ਕਰ ਦਿਤੀ ਹੈ।

**ਪਾਰਕਿੰਗ ਇਨਫੋਰਸਮੈਂਟ ਫੇਰ ਤੋਂ ਲਾਗੂ**
ਸਿਟੀ ਨੇ ਪਾਰਕਿੰਗ ਸਥਾਨਾਂ 'ਤੇ ਵਾਹਨਾਂ ਬਾਰੇ ਲੋਕਾਂ ਦੀਆਂ ਚਿੰਤਾਵਾਂ ਸੁਣਨ ਤੋਂ ਬਾਅਦ 30 ਅਪ੍ਰੈਲ ਨੂੰ ਪਾਰਕਿੰਗ  ਇਨਫੋਰਸਮੈਂਟ ਨੂੰ ਦਬਾਰਾ ਲਾਗੂ ਕਰ ਦਿਤਾ ਹੈ। ਸ਼ੁਰੂਆਤ ਵਿੱਚ, ਸਿਟੀ ਨੇ ਟ੍ਰੈਫਿਕ ਦੀ ਘੱਟ ਮਾਤਰਾ ਦੇ ਪ੍ਰਤੀਕਰਮ ਵਜੋਂ ਅਤੇ ਸਿਹਤ ਸੰਕਟ ਦੇ ਦੌਰਾਨ ਜ਼ਰੂਰੀ ਕਰਮਚਾਰੀਆਂ ਦੀ ਸਹਾਇਤਾ ਲਈ ਢਿੱਲੀ ਪਾਰਕਿੰਗ ਇਨਫੋਰਸਮੈਂਟ ਲਾਗੂ ਕਰਨ ਦਾ ਫੈਸਲਾ ਲਿਆ ਹੈ।

**ਕਮਿਉਨਟੀ ਸਰੋਤ:**

ਭੋਜਨ ਸਰੋਤ
ਮਹਾਂਮਾਰੀ ਦਾ ਪ੍ਰਭਾਵ ਜਾਰੀ ਰਹਿੰਨ ਕਰਕੇ, ਬਹੁਤ ਸਾਰੇ ਲੋਕਾਂ ਅਤੇ ਸੰਸਥਾਵਾਂ ਨੂੰ ਖਾਣੇ ਤਕ ਪਹੁੰਚਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿਟੀ ਨੇ ਭੋਜਨ ਲੱਬਣਾ ਜਾਂ ਵੋਲਨਟੀਅਰ ਕਰਨਾ, ਭੋਜਨ ਉਗਾਣਾ, ਖਰੀਦਣਾ ਅਤੇ ਦਾਨ ਕਰਨਾ, ਅਤੇ ਗ੍ਰਾਂਟਾਂ ਲਈ ਅਰਜ਼ੀ ਕਿਵੇਂ ਦੇਣੀ ਹੈ ਇਸ ਬਾਰੇ ਜਾਣਕਾਰੀ ਦੀ ਇਕ ਸੂਚੀ ਤਿਆਰ ਕੀਤੀ ਹੈ।

ਜ਼ਰੂਰੀ ਵਸਤੂਆਂ ਲਈ ਦਾਨ ਦੀ ਜਰੂਰਤ ਹੈ
ਸਿਟੀ ਦਾ ਗਿਵ ਐ ਹੈਂਡ ਵੈਨਕਵਰ ਦਾਨ ਪ੍ਰੋਗਰਾਮ ਵਿੱਚ ਔਰਤਾਂ ਅਤੇ ਲੋੜਵੰਦ ਸੰਸਥਾਵਾਂ ਦੀ ਸਹਾਇਤਾ ਲਈ ਪੌਸਟਿਕ ਭੋਜਨ,  ਬੱਚਿਆਂ ਦੇ ਫਾਰਮੂਲੇ ਅਤੇ ਬੱਚਿਆਂ ਦੇ ਖਾਣੇ, ਡਾਇਪਰ, ਉਪਰ ਖਿੱਚਨ ਵਾਲੇ ਡਾਇਪਰ, ਅਤੇ ਬੱਚਿਆਂ ਦੇ ਪੂੰਝੰਣ ਵਾਲੇ ਵਾਇਪਸ ਦੇ ਜ਼ਰੂਰੀ ਦਾਨ ਦੀ ਜ਼ਰੂਰਤ ਹੈ। ਪ੍ਰੋਗਰਾਮ ਵਿੱਚ ਲੋੜੀਂਦੇ ਲੋਕਾਂ ਨੂੰ ਮੁਫਤ ਅਤੇ ਕਿਫਾਯਤੀ ਦਾਮ ਦੇ ਖਾਣੇ, ਸਵੱਛ ਅਤੇ ਸੁਰਖਿਅਤ ਤਰੀਕੇ ਨਾਲ ਪਹੁੰਚਾਨ ਲਈ ਟੇਕ-ਆਉਟ ਡੱਬੇ, ਡਿਸਪੋਜ਼ਬਲ ਚੱਮਚੇ ਅਤੇ ਖਾਣੇ ਨੂੰ ਬੰਨਨ ਲਈ ਪੈਕੇਜਿੰਗ ਦੀ ਵੀ ਜਰੂਰਤ ਹੈ। ਪਾਣੀ ਦੀਆਂ ਬੋਤਲਾਂ ਦੀ ਵੀ ਜਰੂਰਤ ਹੈ।

**ਡਾਊਨਟਾਊਨ ਈਸਟਸਾਇਡ ਵਿੱਚ ਨਵੇਂ ਕਿਰਿਆਸ਼ੀਲ ਉਪਾਅ**
ਸਿਟੀ ਇਹ ਸਨਿਸ਼ਚਿਤ ਕਰਨ ਲਈ ਵਧੇਰੇ ਕਦਮ ਚੁੱਕ ਰਹੀ ਹੈ ਤਾਂ ਕਿ ਡਾਉਨਟਾਉਨ ਈਸਟਸਾਇਡ ਦੇ ਵਸਨੀਕ ਕੋਵਿਡ-19 ਮਹਾਂਮਾਰੀ ਦੇ ਦੌਰਾਨ, ਜ਼ਰੂਰੀ ਸੇਵਾਵਾਂ ਅਤੇ ਜਾਣਕਾਰੀ ਪ੍ਰਾਪਤ ਕਰ ਸਕਨ ਅਤੇ ਸੁਰੱਖਿਅਤ ਰਹਿ ਸਕਨ।

**ਹਾਉਸਿੰਗ ਦੀਆਂ ਜ਼ਰੂਰੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੰਮ**

ਸਿਟੀ ਕੌਂਸਲ ਨੂੰ ਇਸ ਬਾਰੇ ਸਟਾਫ ਤੋਂ ਪੇਸ਼ਕਾਰੀ ਮਿਲੀ ਹੈ ਕਿ ਮੌਜੂਦਾ ਸੰਕਟ ਦੌਰਾਨ ਵੈਨਕੂਵਰ ਦੇ ਹਾਉਸਿੰਗ ਸਿਸਟਮ ਵਿੱਚ ਮੌਜੂਦਾ ਕਮਜ਼ੋਰੀਆਂ ਗੰਭੀਰ ਖ਼ਤਰੇ ਬਣ ਗਈਆਂ ਹਨ। ਪੇਸ਼ਕਾਰੀ ਵਿੱਚ ਥੋੜੇ ਅਤੇ ਲੰਬੇ ਸਮੇਂ ਦੇ ਕਾਰਜਾਂ ਦੀ ਇੱਕ ਰੂਪ ਰੇਖਾ ਦਿੱਤੀ ਗਈ ਜੋ ਉਨ੍ਹਾਂ ਲੋਕਾਂ ਲਈ ਰਿਹਾਇਸ਼ ਪ੍ਰਦਾਨ ਕਰੇਗੀ ਜਿੰਨਾਂ ਨੂੰ ਇਸਦੀ ਸਭ ਤੋਂ ਵੱਧ ਜ਼ਰੂਰਤ ਹੈ, ਅਤੇ ਹਾਉਸਿੰਗ ਪ੍ਰਣਾਲੀ ਨੂੰ ਮੁੜ ਗਤੀਸ਼ੀਲ ਕਰਨ ਵਿੱਚ ਸਹਾਇਤਾ ਕਰੇਗੀ ਤਾਂ ਜੋ ਅਸੀਂ ਭਵਿੱਖ ਲਈ ਬਹਿਤਰ ਤਿਆਰ ਹੋ ਸਕਿਏ।

**ਜ਼ਰੂਰੀ ਕਰਮਚਾਰੀਆਂ ਲਈ ਮੁਫਤ ਸਾਂਝਾਂ ਸਾਈਕਲ**

ਮੌਬੀ ਬਾਈ ਸ਼ਾਅ ਗੋ ਸਿਟੀ ਆਫ ਵੈਨਕੂਵਰ ਦੀ ਭਾਈਵਾਲੀ ਵਿੱਚ,ਜ਼ਰੂਰੀ ਸੇਵਾ ਕਰਮਚਾਰੀਆਂ ਨੂੰ ਕੋਵਿਡ -19 ਦੇ ਦੌਰਾਣ ਮੋਬੀ ਸਾਈਕਲਾਂ ਦੀ ਵਰਤੋਂ ਕਰਨ ਲਈ 90-ਦਿਨ ਦਾ ਮਫਤ ਪਾਸ ਪ੍ਰਦਾਨ ਕਰ ਰਿਹਾ ਹੈ। ਸਾਈਕਲ ਚਲਾਉਣਾ ਦੂਜਿਆਂ ਅਤੇ ਆਲੇ-ਦੁਆਲੇ ਦੇ ਲੋਂਕਾਂ ਤੋਂ ਸੁਰੱਖਿਅਤ ਸਰੀਰਕ ਦੂਰੀ ਬਣਾਉਂਦੇ ਹੋਏ ਕਿਥੇ ਵੀ ਜਾਣ ਲਈ ਇਕ ਤੇਜ਼ ਅਤੇ ਸੁਵਧਿਾਜਨਕ ਸਾਧਨ ਹੈ।

**ਸਾਡੀ ਸਮੂਹੀ ਕਮਿਉਨਟੀਆਂ ਦਾ ਧੰਨਵਾਦ**

ਵੈਨਕੂਵਰ ਦੇ ਕਾਰੋਬਾਰ ਅਤੇ ਵਸਨੀਕ ਮਹਾਂਮਾਰੀ ਦੇ ਨਾਲ ਪ੍ਰਭਾਵਿਤ ਸਥਾਨਕ ਕਮਿਉਨਟੀਆਂ ਦਾ ਸਮਰਥਨ ਕਰਨਾ ਜਾਰੀ ਰੱਖ ਰਹੇ ਹਨ। ਗਿੱਵ ਏ ਹੈਂਡ ਪ੍ਰੋਗਰਾਮ ਨੂੰ ਭੋਜਨ ਅਤੇ ਸਪਲਾਈ ਦੇ ਅਨੇਕਾਂ ਦਾਨ ਮਿਲੇ ਹਨ। ਅਸੀਂ ਪਾਵਰ ਆਫ਼ ਥ੍ਰੀ, ਵੈਨਕੂਵਰ ਦੇ ਫਿਲੀਪੀਨੋਂ ਕਮਿਉਨਟੀ ਦੀਆਂ ਤਿੰਨ ਭੈਣਾਂ ਵਰਗੇ ਯੋਗਦਾਨ ਪਾਉਣ ਵਾਲੇ ਹਰ ਕਿਸੇ ਲਈ ਧੰਨਵਾਦੀ ਹਾਂ ਜੋ ਲੋੜਵੰਦਾਂ ਨੂੰ ਸਿੱਧੇ ਭੋਜਨ ਅਤੇ ਸੈਨੇਟਰੀ ਉਤਪਾਦਾਂ ਨਾਲ ਕੋਵਿਡ -19 ਕੇਅਰ ਪੈਕੇਜ ਪ੍ਰਦਾਨ ਕਰ ਰਹੇ ਹਨ।

**ਵਧੇਰੇ ਅਪਡੇਟਸ:**

ਗੋਲਫ ਕੋਰਸ ਅਤੇ ਵੈਨਡੂਓਸਨ ਦੁਬਾਰਾ ਖੁਲ ਗਏ ਹਨ

ਵੈਨਕੂਵਰ ਪਾਰਕ ਬੋਰਡ ਨੇ 1 ਮਈ ਨੂੰ ਫਰੇਜ਼ਰਵਿਊ ਅਤੇ ਮੈਕਕਲੇਰੀ ਗੋਲਫ ਕੋਰਸ ਅਤੇ ਵੈਨਡੂਓਸਨ ਬੋਟੈਨੀਕਲ ਗਾਰਡਨ ਨੂੰ ਦੁਬਾਰਾ ਖੋਲ੍ਹਿਆ ਹੈ। ਇਹ ਸਾਈਟਾਂ ਸੁਰੱਖਿਅਤ ਤਜਰਬੇ ਨੂੰ ਯਕੀਨੀ ਬਣਾਉਣ ਲਈ ਉਪਭੋਗਤਾਵਾਂ ਅਤੇ ਸਟਾਫ ਲਈ ਨਵੀਂ ਸਰੀਰਕ ਦੂਰੀਆਂ ਪ੍ਰਕਿਰਿਆਵਾਂ ਨਾਲ ਕੰਮ ਕਰਨਗੀਆਂ

**ਪਾਣੀ ਤੇ ਪਾਬੰਦੀਆਂ**

ਪਾਣੀ ਦੀਆਂ ਸਾਲਾਨਾ ਪਾਬੰਦੀਆਂ ਹੁਣ ਲਾਗੂ ਹਨ। ਲਾਅਨ ਅਤੇ ਬਗੀਚਿਆਂ ਨੂੰ ਪਾਣੀ ਦੇਣ ਲਈ 1 ਮਈ ਤੋਂ 15 ਅਕਤੂਬਰ ਤੱਕ ਹਰ ਹਫ਼ਤੇ ਦੋ ਦਿਨ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਈ ਜਾ ਸਕੇ ਕਿ ਖਾਣਾ ਪਕਾਉਣ, ਧੋਣ ਅਤੇ ਪੀਣ ਵਰਗੀਆਂ ਜ਼ਰੂਰੀ ਚੀਜ਼ਾਂ ਲਈ ਕਾਫ਼ੀ ਮਾਤਰਾ ਵਿੱਚ ਪਾਣੀ ਦਾ ਪ੍ਰਬੰਧ ਕਾਯਿਮ ਰਹੇ।ਇਜਾਜ਼ਤ ਸਮੇਂ ਤੋਂ ਬਾਹਰ ਪਾਣੀ ਦੇਣ ਨਾਲ $ 250 ਦਾ ਜ਼ੁਰਮਾਨਾ ਹੋ ਸਕਦਾ ਹੈ।

**ਰਿਹਾਇਸ਼ੀ ਪਤੇ ਲਈ ਲਾਅਨ ਨੂੰ ਪਾਣੀ ਦੇਣ ਦੇ ਦਿਨ**

ਈਵਨ ਨੰਬਰ ਵਾਲੇ ਪਤੇ: ਸਵੇਰੇ 4 ਵਜੇ ਤੋਂ 9 ਵਜੇ ਤਕ- ਬੁੱਧਵਾਰ ਅਤੇ ਸ਼ਨੀਵਾਰ
ਔਡ-ਨੰਬਰ ਵਾਲੇ ਪਤੇ: ਸਵੇਰੇ 4 ਵਜੇ ਤੋਂ 9 ਵਜੇ ਤਕ -ਵੀਰਵਾਰ ਅਤੇ ਐਤਵਾਰ

ਗੈਰ-ਰਿਹਾਇਸ਼ੀ ਪਤੇ ਲਈ ਲਾਅਨ ਨੂੰ ਪਾਣੀ ਦੇਣ ਦੇ ਦਿਨ
ਈਵਨ ਨੰਬਰ ਵਾਲੇ ਪਤੇ: ਸੋਮਵਾਰ ਨੂੰ ਸਵੇਰੇ 1 ਵਜੇ 6 ਵਜੇ; ਸ਼ੁੱਕਰਵਾਰ ਨੂੰ ਸਵੇਰੇ 4 - 9 ਵਜੇ
ਔਡ-ਨੰਬਰ ਵਾਲੇ ਪਤੇ: ਮੰਗਲਵਾਰ ਨੂੰ 1 - 6 ਵਜੇ; ਸ਼ੁੱਕਰਵਾਰ ਨੂੰ ਸਵੇਰੇ 4 - 9 ਵਜੇ

**ਵੈਸਟ ਜਾਰਜੀਆ ਵਾਟਰ ਮੇਨ ਅਪਗ੍ਰੇਡ**

ਵੈਸਟ ਜਾਰਜੀਆ ਦੇ ਪਾਣੀ ਦੇ ਮੱਖ ਅਪਗ੍ਰੇਡ ਪੂਰੇ ਹੋ ਗਏ ਹਨ। ਇਸ ਕੰਮ ਨੇ ਲਗਭਗ 100 ਸਾਲ ਪੁਰਾਣੇ ਵਾਟਰ ਮੈਨਾਂ ਦੀ ਜਗ੍ਹਾ ਨਵੇਂ ਵਾਟਰ ਮੇਨ ਲਗਾਏ ਜੋ ਵਧੇਰੇ ਲਚਕਦਾਰ ਨੈਟਵਰਕ ਪ੍ਰਦਾਨ ਕਰਨਗੇ।

**ਆਨਲਾਇਨ ਡੈਸ਼ਬੋਰਡ**

ਸਿਟੀ ਨੇ ਇਕ ਆਨਲਾਇਨ ਡੈਸ਼ਬੋਰਡ ਜਾਰੀ ਕੀਤਾ ਹੈ ਜੋ ਸਾਡੀ ਐਮਰਜੈਂਸੀ ਪ੍ਰਤਿਕ੍ਰਿਆ ਅਤੇ ਕੋਵਿਡ-19 ਦੇ ਪ੍ਰਸਾਰ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦਾ ਪਤਾ ਲਗਾਉਂਦਾ ਹੈ। ਡੈਸ਼ਬੋਰਡ ਸ਼੍ਰੇਣੀਆਂ ਨੂੰ ਟਰੈਕ ਕਰਦਾ ਹੈ ਜਿਸ ਵਿੱਚ ਸ਼ਾਮਲ ਹਨ: ਜਨਤਕ ਸਿਹਤ ਦੇ ਆਦੇਸ਼ਾਂ ਦਾ ਸਮਰਥਨ ਕਰਨਾ; ਯਾਤਰਾ; ਜ਼ਰੂਰੀ ਕਰਮਚਾਰੀਆਂ ਲਈ ਬੱਚਿਆਂ ਦੀ ਦੇਖਭਾਲ; ਬੇਘਰ ਅਤੇ ਘੱਟ ਆਮਦਨੀ ਵਾਲੀ ਰਿਹਾਇਸ਼; ਭੋਜਨ ਪਹੁੰਚ; ਅਤੇ ਕਮਿਉਨਟੀ ਦੇ ਯੋਗਦਾਨ।

**ਨਵੀਂਆਂ ਗਤਿਵਿਧਿਆਂ ਵਜੋਂ ਅਪਡੇਟਡਿ ਰਹੋ**

ਸਾਨੂੰ ਕਦਰ ਹੈ ਕਿ ਸੱਭ ਪਾਸਿਓ ਬਹੁਤ ਸਾਰੀ ਜਾਣਕਾਰੀ ਵੰਡੀ ਜਾ ਰਹੀ ਹੈ ਅਤੇ ਬਹੁਤ ਸਾਰੀ ਜਾਣਕਾਰੀ ਪ੍ਰਮਾਣਤ ਸਰੋਤ ਤੋਂ ਨਹੀਂ ਆ ਰਹੀ ਹੈ।ਸਾਡੇ ਸਾਰੇ ਅਪਡੇਟ ਤੁਸੀ ਸਾਡੀਆਂ ਖਬਰਾਂ ਜੌਕਿ ਸਾਡੀ ਵੈਬਸਾਇਟਸ ਓਤੇ ਹਨ, ਅਤੇ ਸਾਡੇ ਪ੍ਰਮਾਨਿਤ ਸੌਸ਼ਲ ਫੀਡ ਦੇ ਜਰਿਏ ਤੁਸੀ ਦੇਖ ਸਕਦੇ ਹੋਂ।

ਕਿਰਪਾ ਕਰਕੇ ਹੋਰਾਂ ਨਾਲ ਸ਼ੇਅਰ ਕਰੋਂ, ਅਤੇ ਓਹ ਇਥੇ ਅਪਡੇਟਸ ਲਈ ਸਾਨਿਏ ਕਰ ਸਕਦੇ ਹਨ।
ਵੇਬਸਾਇਟ: vancouver.ca
ਕਾਮੇਂਟਸ ਇਥੇ ਭੇਜੋ
ਸਾਨੂੰ ਕਾਲ ਕਰੋ: ਕੌਂਵਿਡ-19 ਬਾਰੇ ਸਿਟੀ ਦਾ ਜੁਆਬ ਜਾਣਣ ਲਈ ਐਮਰਜੇਂਸੀ ਤੋਂ ਬਗੈਰ ਮਸਲਿਆ ਲਈ 3-1-1 ਨੂੰ ਕਾਲ ਕਰੋ
ਭਾਸ਼ਾ ਵਿਆਖਿਆ ਕਈ ਜੁਬਾਨਾਂ ਵਿੱਚ ਓਪਲਬਦ ਹੈ।

